**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਬਠਿੰਡਾ**

ਵੱਲ

ਸਮੂਹ ਸਕੂਲ ਮੁਖੀ

ਯਾਦ ਪੱਤਰ

ਸਮਸ, ਸਹਸ, ਸਸਸਸ

ਬਠਿੰਡਾ

ਪੱਤਰ ਨੰ: ਰਮਸਅ/2018/ ੨੦੧੩

ਮਿਤੀ: ੨੧/੦੫/18

**ਵਿਸ਼ਾ: ਸਾਲ 2018-19 ਦੌਰਾਨ ਜਮਾਤ 6ਵੀਂ ਤੋਂ 12ਵੀਂ ਦੇ ਰੈਮੀਡੀਅਲ ਕੋਚਿੰਗ ਲਈ ਕਮਜੋਰ ਵਿਦਿਆਰਥੀਆਂ ਦੀ ਚੋਣ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪਹਿਲਾਂ ਵੀ ਪੱਤਰ ਨੰ: ਰਮਸਅ/2018/2078 ਮਿਤੀ:15.05.2018 ਨੂੰ ਪੱਤਰ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਸਕੂਲ ਮੁਖੀਆਂ ਨੂੰ ਸਾਲ 2018-19 ਦੌਰਾਨ ਬਠਿੰਡਾ ਐਜੂਕੇਸ਼ਨ ਸੈੱਲ ਦੁਆਰਾ ਰੈਮੀਡੀਅਲ ਕੋਚਿੰਗ ਲਈ ਜਮਾਤ 6ਵੀਂ ਤੋਂ 10ਵੀਂ ਤੱਕ ਦੇ ਹਿਸਾਬ, ਸਾਇੰਸ ਅਤੇ ਅੰਗ੍ਰੇਜੀ ਵਿਸ਼ਿਆਂ ਅਤੇ 11ਵੀਂ ਅਤੇ 12ਵੀਂ ਦੇ ਅੰਗ੍ਰੇਜੀ ਵਿਸ਼ੇ ਦੇ ਪਿਛਲੇ ਸਾਲਾਂ ਦੇ ਘੱਟ ਨਤੀਜੇ ਵਾਲੇ ਵਿਦਿਆਰਥੀਆਂ ਦੀ ਚੋਣ ਕਰਕੇ ਸੂਚਨਾ ਪ੍ਰੋਫਾਰਮੇ ਵਿੱਚ ਭਰਕੇ ਮਿਤੀ: 18.05.2018 ਤੱਕ ਮੇਲ ਆਈ.ਡੀ.: remedialcoachingbti@gmail.com ਤੇ ਸਿਰਫ ਸਾਫਟ ਕਾਪੀ (Excel Sheet) ਭੇਜਣ ਲਈ ਕਿਹਾ ਗਿਆ ਸੀ, ਪਰੰਤੂ ਅੱਜੇ ਤੱਕ ਕਈ ਸਕੂਲ ਮੁਖੀਆਂ ਵੱਲੋਂ ਉਕਤ ਰਿਪੋਰਟ ਭੇਜੀ ਨਹੀਂ ਗਈ। ਸੋ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਰਿਪੋਰਟ **ਮਿਤੀ:22.05.2018** ਤੱਕ ਹਰ ਹਾਲਤ ਵਿੱਚ ਭੇਜਣੀ ਯਕੀਣੀ ਬਣਾਈ ਜਾਵੇ। ਪ੍ਰੋਫਾਰਮੇ ਲਈ ਡੀ.ਈ.ਓ. ਵੈਬਸਾਈਟ ਤੇ ਰਮਸਅ ਦੇ ਲਿੰਕ ਤੇ ਮਿਤੀ: 15.05.2018 ਨੂੰ ਅਪਲੋਡ ਕੀਤਾ ਗਿਆ ਪੱਤਰ ਚੈੱਕ ਕੀਤਾ ਜਾਵੇ।

21/5/18

ਜਿਲ੍ਹਾ ਸਿਖਿਆ ਅਫਸਰ (ਸੈ.ਸਿ.)

ਬਠਿੰਡਾ

Scanned by CamScanner